# ਨਾੜੀ ਵਿਚ ਲੱਗਣ ਵਾਲੇ ਫ਼ੈਂਟਾਨਾਈਲ ਬਾਰੇ ਜਾਣਕਾਰੀ

# Information About Intravenous Fentanyl

BC WOMEN'S HOSPITAL+ HEALTH CENTRE
Provincial Health Services Authority

ਫ਼ੈਂਟਾਨਾਈਲ ਦਰਦ ਹਟਾਉਣ ਵਾਲੀ ਇੱਕ ਬਹੁਤ ਤੇਜ਼ ਦਵਾਈ ਹੈ ਜੋ ਨਾੜੀ (IV) ਰਾਹੀਂ ਦਿੱਤੀ ਜਾਂਦੀ ਹੈ। ਇਸ ਨਾਲ ਦਰਦ ਕੁੱਝ ਕੁ ਮੱਠਾ ਹੋ ਜਾਂਦੀ ਹੈ। ਫੈਂਟਾਨਾਈਲ ਦਰਦ ਨੂੰ ਘੱਟ ਕਰਦੀ ਹੈ ਪਰ ਐਪੀਡਿਊਰਲ (epidural) ਨੂੰ ਸੁੰਨ ਨਹੀਂ ਕਰਦੀ; ਇਹ ਸਾਰੀ ਦਰਦ ਨਹੀਂ ਹਟਾਏਗੀ। ਜੇ ਤੁਹਾਡੀਆਂ ਬੱਚੇ ਦੇ ਜਨਮ ਸਮੇਂ ਦੀਆਂ ਦਰਦਾਂ ਬਹੁਤ ਲੰਮੀਆਂ ਜਾਂ  ਮੁਸ਼ਕਲ ਹਨ ਤਾਂ ਦਰਦ ਨਿਵਾਰਨ ਲਈ ਫ਼ੈਂਟਾਨਾਈਲ ਜ਼ਿਆਦਾ ਅਸਰਦਾਰ ਨਹੀਂ। ਫ਼ੈਂਟਾਨਾਈਲ ਸੀਜ਼ੇਰੀਅਨ ਜਾਂ ਮਦਦ ਨਾਲ (ਜਿਵੇਂ ਫੋਰਸੈੱਪ) ਬੱਚਾ ਪੈਦਾ ਕਰਨ ਵਿਚ ਮਦਦ ਨਹੀਂ ਕਰਦੀ। ਫ਼ੈਂਟਾਨਾਈਲ ਨਾਲ ਅਮਲ **ਨਹੀਂ** ਲੱਗਦਾ ਜਾਂ ਵੱਧ ਮਾਤਰਾ ਨਹੀਂ ਲਈ ਜਾ ਸਕਦੀ ਜੇਕਰ ਇਹ ਸਿਹਤ ਸੰਭਾਲ ਵਾਲੇ ਵੱਲੋਂ ਜਨਮ ਦੀਆਂ ਦਰਦਾਂ ਸਮੇਂ ਦਿੱਤੀ ਜਾਏ।

## ਇਹ ਕਿਵੇਂ ਦਿੱਤੀ ਜਾਂਦੀ ਹੈ? How is it given?

ਜਨਮ ਸਮੇਂ ਦੀਆਂ ਦਰਦਾਂ ਸਮੇਂ ਫ਼ੈਂਟਾਨਾਈਲ ਐਸੇ ਤਰੀਕੇ ਦਿੱਤੀ ਜਾਂਦੀ ਹੈ ਜੋ ਤੁਹਾਡੇ ਲਈ ਅਤੇ ਤੁਹਾਡੇ ਬੱਚੇ ਲਈ ਸੁਰੱਖਿਅਤ ਹੋਵੇ। ਇਹ ਦੋ ਤਰੀਕਿਆਂ ਨਾਲ ਦਿੱਤੀ ਜਾ ਸਕਦੀ ਹੈ:

1. ਸਿਹਤ ਸੰਭਾਲ ਵਾਲਾ ਫ਼ੈਂਟਾਨਾਈਲ ਤੁਹਾਡੇ ਹੱਥ ਜਾਂ ਬਾਂਹ ਵਿਚ ਨਾੜੀ (IV) ਰਾਹੀਂ ਦੇ ਸਕਦਾ ਹੈ।
2. ਫ਼ੈਂਟਾਨਾਈਲ ਤੁਸੀਂ ਆਪਣੇ ਆਪ ਵੀ "ਮਰੀਜ਼ ਦੁਆਰਾ ਕੰਟਰੋਲ ਕੀਤਾ ਐਨਲਜੇਸੀਆ" (PCA) ਦੀ ਵਰਤੋਂ ਕਰ ਕੇ ਲੈ ਸਕਦੇ ਹੋ ਜਿਸ ਵਿਚ ਫ਼ੈਂਟਾਨਾਈਲ ਦੀ ਹਰ ਘੰਟੇ ਦੀ ਖ਼ੁਰਾਕ ਨਿਰਧਾਰਿਤ ਕੀਤੀ ਹੁੰਦੀ ਹੈ। ਤੁਸੀਂ ਆਪਣੇ ਆਪ ਨੂੰ ਫ਼ੈਂਟਾਨਾਈਲ ਦੀ ਜ਼ਿਆਦਾ ਮਾਤਰਾ ਨਹੀਂ ਦੇ ਸਕਦੇ ਕਿਉਂਕਿ ਕਿੰਨੇ ਸਮੇਂ ਵਿਚ ਕਿੰਨੀ ਮਾਤਰਾ ਫ਼ੈਂਟਾਨਾਈਲ ਲੈਣੀ ਹੈ ਇਹ PCA ਵਿਚ ਪਹਿਲਾਂ ਹੀ ਨਿਸ਼ਚਿਤ/ਸੈੱਟ ਕੀਤਾ ਹੁੰਦਾ ਹੈ।

## ਫ਼ੈਂਟਾਨਾਈਲ ਦੇ ਤੁਹਾਡੇ ਲਈ ਗੌਣ ਪ੍ਰਭਾਵ   Side effects of Fentanyl for you

- ਤੁਹਾਨੂੰ ਨੀਂਦ ਜਿਹੀ ਅਤੇ ਆਰਾਮ ਮਿਲੇਗਾ
- ਤੁਹਾਡਾ ਸਾਹ ਹੌਲਾ ਹੋ ਸਕਦਾ ਹੈ; ਤੁਹਾਨੂੰ ਆਕਸੀਜਨ ਦੀ ਲੋੜ ਹੋ ਸਕਦੀ ਹੈ ਅਤੇ ਤੁਹਾਡਾ ਧਿਆਨ ਰੱਖਣ ਦੀ ਲੋੜ ਹੋਵੇਗੀ
- ਤੁਸੀਂ ਪੇਟ ਵਿਚ ਤਕਲੀਫ਼ ਜਿਹੀ ਮਹਿਸੂਸ ਕਰੋਗੇ
- ਤੁਸੀਂ ਬੇਚੈਨੀ ਮਹਿਸੂਸ ਕਰੋਗੇ

## ਫ਼ੈਂਟਾਨਾਈਲ ਦੇ ਤੁਹਾਡੇ ਬੱਚੇ ਲਈ ਗੌਣ ਪ੍ਰਭਾਵ   Side effects of Fentanyl for your baby

ਫ਼ੈਂਟਾਨਾਈਲ ਤੁਹਾਡੀ ਜ਼ੇਰ ਵਿਚੋਂ ਲੰਘ ਕੇ ਬੱਚੇ ਕੋਲ ਪਹੁੰਚ ਜਾਂਦੀ ਹੈ।

- ਪੈਦਾ ਹੋਣ ਸਮੇਂ ਹੋ ਸਕਦਾ ਹੈ ਕਿ ਬੱਚਾ ਊਂਘਦਾ ਹੋਵੇ ਅਤੇ ਸਾਹ ਵੀ ਠੀਕ ਨਾ ਲੈ ਰਿਹਾ ਹੋਵੇ
- ਜਨਮ ਸਮੇਂ ਬੱਚੇ ਦੇ ਦਿਲ ਦੀ ਧੜਕਣ ਦੀ ਗਤੀ ਥੋੜ੍ਹੀ ਘੱਟ ਹੋਵੇ
- ਜੇ ਦਰਦਾਂ ਸਮੇਂ ਤੁਸੀਂ ਫ਼ੈਂਟਾਨਾਈਲ ਦੀ ਬਹੁਤ ਜ਼ਿਆਦਾ ਖ਼ੁਰਾਕ ਲਈ ਹੈ ਤਾਂ ਜਨਮ ਤੋਂ ਬਾਅਦ ਬੱਚੇ ਦੇ ਸਾਹ ਲੈਣ ਦੀ ਪ੍ਰਕਿਰਿਆ ਵੱਲ ਕਈ ਘੰਟਿਆਂ ਤੱਕ ਗ਼ੌਰ ਕਰਨਾ ਪਵੇਗਾ।
- ਬੱਚਾ ਕਿਉਂਕਿ ਨਿੰਦਰਾਇਆ ਹੁੰਦਾ ਹੈ ਇਸ ਲਈ ਦੁੱਧ ਚੁੰਘਣ ਵਿਚ ਤਕਲੀਫ਼ ਮਹਿਸੂਸ ਕਰੇਗਾ; ਇਸ ਲਈ ਬੱਚੇ ਨੂੰ ਦੁੱਧ ਚੁੰਘਾਉਣ ਲਈ ਨਰਸ ਜਾਂ ਦੁੱਧ ਚੁੰਘਾਉਣ ਵਾਲੇ ਸਲਾਹਕਾਰ ਦੀ ਮਦਦ ਲੈਣ ਦੀ ਲੋੜ ਹੋ ਸਕਦੀ ਹੈ।

## ਹੋਰ ਜ਼ਿਆਦਾ ਜਾਣਕਾਰੀ ਲਈ   For more information

ਆਪਣੇ ਸਿਹਤ ਸੰਭਾਲ ਕਰਨ ਵਾਲੇ ਨੂੰ ਪੁੱਛੋ ਕਿ ਕੀ ਮੈਂ ਬੇਹੋਸ਼ ਕਰਨ ਵਾਲੇ (anesthesiologist) ਵਿਸ਼ੇਸ਼ੱਗ ਨਾਲ ਗੱਲ ਕਰ ਸਕਦੀ ਹਾਂ।

BCW766 © 2021 BC Women's Hospital + Health Centre – Department of Anesthesiology
4500 Oak Street, Vancouver, BC, V6H3N1 ♦ Phone: 604-875-2000 ♦ Free in BC 1-888-300-3088 ♦ bcwomens.ca